BRITISH COLUMBIA
The Best Place on Earth

20 ਅਪਰੈਲ 2010

ਧਿਆਨ ਹਿਤ

ਇਹ ਪੱਤਰ ਤੁਹਾਨੂੰ ਵਪਾਰਕ ਡੀਜ਼ਲ ਗੱਡੀਆਂ ਸੰਬੰਧੀ ਇੱਕ ਨਵੇਂ ਨਿਯਮ ਦੀ ਜਾਣਕਾਰੀ ਦੇਣ ਲਈ ਹੈ। ਬੀ.ਸੀ. ਵਿੱਚ ਰਜਿਸਟਰ ਹੋਈਆਂ 1989-1993 ਮਾਡਲਾਂ ਦੀਆਂ 8,200 ਕਿੱਲੋ ਤੋਂ ਵੱਧ ਲਸੰਸ-ਸ਼ੁਦਾ ਗਰੌਸ ਵ੍ਹੀਕਲ ਵਜ਼ਨ ਵਾਲੀਆਂ ਸਭਨਾਂ ਵਪਾਰਕ ਡੀਜ਼ਲ ਗੱਡੀਆਂ ਵਿੱਚ 1 ਅਕਤੂਬਰ 2010 ਤਕ ਧੂੰਆਂ ਘਟਾਉਣ ਵਾਲਾ ਉਪਕਰਣ ਲਾਜ਼ਮੀ ਲੱਗਿਆ ਹੋਣਾ ਚਾਹੀਦਾ ਹੈ।

**ਆਈ.ਸੀ.ਬੀ.ਸੀ. ਰੀਕਾਰਡ ਮੁਤਾਬਕ ਤੁਸੀਂ ਘੱਟੋ-ਘੱਟ ਇੱਕ ਅਜਿਹੀ ਗੱਡੀ ਦੇ ਮਾਲਕ ਹੋ ਜਿਹੜੀ ਇਸ ਵੇਰਵੇ 'ਤੇ ਪੂਰੀ ਉੱਤਰਦੀ ਹੈ।**

ਬ੍ਰਿਟਿਸ਼ ਕੋਲੰਬੀਆ ਨੇ 2007 ਵਿੱਚ ਇਹ ਐਲਾਨ ਕੀਤਾ ਸੀ ਕਿ ਪੁਰਾਣੀਆਂ, ਵਪਾਰਕ ਡੀਜ਼ਲ ਗੱਡੀਆਂ ਵਿੱਚ ਸਾਫ਼-ਸੁਥਰੀ ਤਕਨਾਲੋਜੀ ਲਾਜ਼ਮੀ ਕਰਨ ਵਾਲਾ ਕੈਨੇਡਾ ਦਾ ਇਹ ਪਹਿਲਾ ਖੇਤਰ ਹੋਵੇਗਾ। ਸੰਨ 2008 ਵਿੱਚ ਜਾਰੀ ਆਪਣੀ "ਏਅਰ ਐਕਸ਼ਨ ਪਲਾਨ" (Air Action Plan) ਰਾਹੀਂ ਸੂਬੇ ਨੇ ਪਰਦੂਸ਼ਣ ਪੈਦਾ ਕਰਨ ਵਾਲੀਆਂ ਵੱਡੀਆਂ ਗੱਡੀਆਂ ਵਿੱਚੋਂ ਨੁਕਸਾਨਦਾਇਕ, ਮਹੀਨ ਮਾਦੇ ਦੇ ਖਾਰਜ ਹੋਣ ਵਿੱਚ ਘੱਟੋ-ਘੱਟ 20% ਦੀ ਕਟੌਤੀ ਕਰਨ ਲਈ ਲਾਇਆ ਜਾਣ ਵਾਲਾ ਨਵਾਂ ਸਾਜ਼ੋ-ਸਾਮਾਨ ਤੈਅ ਕੀਤਾ ਸੀ। ਡੀਜ਼ਲ ਦੇ ਧੂੰਏਂ ਰਾਹੀਂ ਨਿੱਕਲਣ ਵਾਲਾ ਮਹੀਨ ਮਾਦਾ ("ਪਾਰਟੀਕੁਲੇਟ ਮੈਟਰ" ਜਾਂ ਪੀ.ਐੱਮ.) ਹਵਾ ਦੇ ਪਰਦੂਸ਼ਤ ਹੋਣ ਦਾ ਇੱਕ ਮੁੱਖ ਸਾਧਨ ਹੈ ਜਿਸ ਨਾਲ ਦਿਲ ਅਤੇ ਲਹੂ ਢੋਣ ਵਾਲੀਆਂ ਨਾੜੀਆਂ ਦਾ ਰੋਗ, ਸਾਹ ਦੇ ਰੋਗ, ਲੰਮੇ ਸਮੇਂ ਲਈ ਫੇਫੜਿਆਂ ਵਿੱਚ ਰੁਕਾਵਟ ਦਾ ਰੋਗ, ਸਾਹ ਨਲੀ ਦੀ ਸੋਜ, ਨਮੂਨੀਆ, ਦਿਲ ਦਾ ਰੋਗ ਅਤੇ ਫੇਫੜਿਆਂ ਦੀ ਕੈਂਸਰ ਹੋ ਸਕਦੀ ਹੈ।

ਕਿਸੇ ਅਜਿਹੀ ਗੱਡੀ ਦੇ ਮਾਲਕ/ਆਪ੍ਰੇਟਰ ਹੋਣ ਦੀ ਹੈਸੀਅਤ ਵਿੱਚ ਜਿਸ ਵਿੱਚ ਨਵਾਂ ਸਾਮਾਨ ਲਾਉਣ ਦੀ ਲੋੜ ਪਵੇ, ਇਹ ਗੱਲ ਪੱਕੀ ਕਰਨ ਲਈ ਕਿ ਤੁਹਾਡੀ ਗੱਡੀ ਉੱਤੇ ਇਹ ਸ਼ਰਤ ਲਾਗੂ ਹੁੰਦੀ ਹੈ, ਅਤੇ ਇਹ ਤੈਅ ਕਰਨ ਲਈ ਕਿ ਕਿਹੜਾ ਉਪਕਰਣ ਲਾਉਣਾ ਪਵੇਗਾ, ਤੁਹਾਨੂੰ ਜਿੰਨੀ ਛੇਤੀ ਹੋ ਸਕੇ ਕਿਸੇ ਮਕੈਨਿਕ ਜਾਂ ਕਾਰਖ਼ਾਨੇਦਾਰ ਨਾਲ ਸੰਪਰਕ ਕਰਨਾ ਪਵੇਗਾ। **ਉਪਕਰਣ ਮਿਲ ਸਕਣ ਨੂੰ ਅੱਠ ਹਫ਼ਤੇ ਤਕ ਲੱਗ ਸਕਦੇ ਹਨ**, ਇਸ ਲਈ ਉਪਕਰਣ ਵਾਸਤੇ ਤੁਰੰਤ ਆਰਡਰ ਦੇਣਾ ਜ਼ਰੂਰੀ ਹੈ। ਇੱਕ ਵਾਰ ਫਿਰ ਦੱਸ ਦੇਈਏ ਕਿ ਨਵੇਂ ਨਿਯਮਾਂ ਦੀ ਪਾਲਣਾ ਕਰਨ ਦੀ ਸ਼ਰਤ 1 ਅਕਤੂਬਰ 2010 ਤੋਂ ਲਾਗੂ ਹੋਵੇਗੀ।

ਸਭ ਤੋਂ ਵੱਧ ਪ੍ਰਚੱਲਤ ਕਿਸਮ ਦਾ ਉਪਕਰਣ "ਡੀਜ਼ਲ ਆਕਸੀਡੇਸ਼ਨ ਕੈਟਾਲਿਸਟ (ਡੀ.ਓ.ਸੀ.) ਫਿਲਟਰ" ਹੈ। ਇਹ ਉਪਕਰਣ ਆਸਾਨੀ ਨਾਲ ਧੂੰਆਂ ਖਾਰਜ ਕਰਨ ਵਾਲੀ ਪਾਈਪ ਉੱਤੇ ਲੱਗ ਜਾਂਦੇ ਹਨ, ਤੇਲ ਦੀ ਖ਼ਪਤ 'ਤੇ ਅਸਰ ਨਹੀਂ ਪਾਉਂਦੇ, ਅਤੇ ਇਨਾਂ ਦੀ ਸਾਂਭ-ਸੰਭਾਲ ਨਾਂਹ ਬਰਾਬਰ ਹੁੰਦੀ ਹੈ। ਇਹ ਮਹੀਨ ਮਾਦੇ ਦੇ ਖਾਰਜ ਹੋਣ ਵਿੱਚ 20-50 ਫੀ ਸਦੀ ਦੀ, ਅਤੇ ਕਾਰਬਨ ਮੋਨੋਆਕਸਾਈਡ ਦੇ ਨਿਕਾਸ ਵਿੱਚ 40-90 ਫੀ ਸਦੀ ਦੀ ਕਟੌਤੀ ਕਰਦੇ ਹਨ। ਬੇਹੱਦ ਘੱਟ ਗੰਧਕ ਵਾਲੇ ਡੀਜ਼ਲ ਤੇਲ ਨਾਲ ਵਰਤੇ ਜਾਣ 'ਤੇ ਇਹ ਸਭ ਤੋਂ ਵੱਧ ਅਸਰਦਾਰ ਹੁੰਦੇ ਹਨ।

ਇਸ ਸ਼ਰਤ 'ਤੇ ਪੂਰੇ ਉੱਤਰਨ ਵਾਲੇ ਉਪਕਰਣਾਂ ਬਾਰੇ ਵਧੇਰੇ ਜਾਣਕਾਰੀ ਲਈ ਤੁਸੀਂ ਯੂ.ਐੱਸ. ਐਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਜਾਂ ਕੈਲੀਫੋਰਨੀਆ ਏਅਰ ਰਿਸੋਰਸ ਬੋਰਡ ਦੀਆਂ ਅੱਗੇ ਦਰਜ ਵੈੱਬਸਾਈਟਾਂ ਵੇਖ ਸਕਦੇ ਹੋ ਜਿੱਥੇ ਤੁਹਾਨੂੰ ਮਨਜ਼ੂਰਸ਼ੁਦਾ ਉਪਕਰਣਾਂ ਅਤੇ ਉਨਾਂ ਗੱਡੀਆਂ ਦੀ ਇੱਕ ਸੂਚੀ ਮਿਲ ਸਕਦੀ ਹੈ ਜਿਨਾਂ ਲਈ ਉਹ ਮੁਨਾਸਬ ਹੋਣ।

- http://www.arb.ca.gov/diesel/verdev/vt/cvt.htm (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ)
- http://www.epa.gov/otaq/retrofit/verif-list.htm (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ)

ਲਾਏ ਜਾਣ ਵਾਲੇ ਉਪਕਰਣਾਂ ਦੀ ਕਿਸਮ, ਗੱਡੀ ਦੇ ਇੰਜਣ ਦੇ ਆਕਾਰ ਅਤੇ ਮਾਡਲ, ਧੂੰਏ ਦੇ ਨਿਕਾਸ-ਰਾਹ ਦੀ ਬਣਤਰ, ਲਵਾਈ ਅਤੇ ਢੁਆਈ ਦੀ ਲਾਗਤ ਮੁਤਾਬਕ ਕਿਸੇ ਗੱਡੀ ਵਿੱਚ ਉਪਕਰਣ ਲਾਉਣ 'ਤੇ $1,200 ਤੋਂ $1,500 ਤਕ ਖ਼ਰਚ ਆ ਸਕਦਾ ਹੈ।

**Ministry of Transportation and Infrastructure**
Commercial Vehicle Safety and Enforcement
Mailing Address: PO Box 9250 Stn Prov Govt Victoria BC V8W 9J2
Location: 3A – 940 Blanshard Street Victoria
Telephone: (250) 356-9797
Facsimile: (250) 356-9625
Website: www.cvse.ca

1 ਅਕਤੂਬਰ 2010 ਤੋਂ ਬਾਅਦ ਤੁਹਾਡੀ ਗੱਡੀ ਦੀ ਅਗਲੀ ਲਾਜ਼ਮੀ ਜਾਂਚ ਦੌਰਾਨ ਤੁਹਾਡੀ ਗੱਡੀ ਨੂੰ ਕਿਸੇ ਡੈਜ਼ਿਗਨੇਟਿਡ ਇੰਸਪੈਕਸ਼ਨ ਫੈਸਿਲਿਟੀ ਵਿਖੇ ਨਵਾਂ ਸਾਜ਼ੋ-ਸਾਮਾਨ ਲਾਉਣ ਲਈ ਪਰਖ਼ਿਆ ਜਾਵੇਗਾ। ਕਮਰਸ਼ਿਅਲ ਵ੍ਹੀਕਲ ਸੇਫਟੀ ਐਂਡ ਐਨਫੋਰਸਮੈਂਟ (ਸੀ.ਵੀ.ਐੱਸ.ਈ.) ਵਾਲੇ ਵੀ ਇਹ ਵੇਖਣ ਲਈ ਤੁਹਾਡੀ ਗੱਡੀ ਨੂੰ ਸੜਕ ’ਤੇ ਰੋਕ ਸਕਦੇ ਹਨ ਕਿ ਕੀ ਇਹ ਨਿਯਮਾਂ ਮੁਤਾਬਕ ਹੈ।

ਇਸ ਨਿਯਮ ਬਾਰੇ ਅਕਸਰ ਪੁੱਛੇ ਜਾਂਦੇ ਸਵਾਲਾਂ ਸਮੇਤ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਸੀ.ਵੀ.ਐੱਸ.ਈ. ਦੀ ਵੈੱਬਸਾਈਟ ਵੇਖੋ: http://www.th.gov.bc.ca/cvse/index.htm (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ)।

ਨਿਯਮ ਬਾਰੇ ਖਾਸ ਸਵਾਲਾਂ ਦੇ ਜਵਾਬ ਹਾਸਲ ਕਰਨ ਲਈ diesel.retrofit@gov.bc.ca ’ਤੇ, ਜਾਂ ਫ਼ੋਨ ਨੰਬਰ 250-356-9797 ’ਤੇ ਸੰਪਰਕ ਕਰੋ।

ਗੱਡੀ ਵਿੱਚ ਨਵਾਂ ਸਾਜ਼ੋ-ਸਾਮਾਨ ਲਾਉਣ ਬਾਰੇ ਤਕਨੀਕੀ ਸਵਾਲਾਂ ਦੇ ਜਵਾਬਾਂ ਲਈ ਤੁਸੀਂ ਕਿਸੇ ਮਕੈਨਿਕ ਜਾਂ ਗੱਡੀਆਂ ਬਣਾਉਣ ਵਾਲੇ ਕਾਰਖਾਨੇਦਾਰ ਨਾਲ ਸੰਪਕਰ ਕਰ ਸਕਦੇ ਹੋ।

ਬੀ.ਸੀ. ਦੀ “ਏਅਰ ਐਕਸ਼ਨ ਪਲਾਨ” ਬਾਰੇ ਹੋਰ ਜਾਣਕਾਰੀ ਲਈ ਵੇਖੋ: http://www.bcairsmart.ca/ (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ)

**ਨੋਟ: ਇਸ ਪੱਤਰ ਵਿੱਚ ਤੁਹਾਡੀ ਗੱਡੀ ਦੇ ਮੁਆਇਨੇ ਬਾਰੇ ਅਹਿਮ ਜਾਣਕਾਰੀ ਮੌਜੂਦ ਹੈ। ਜੇ ਤੁਸੀਂ ਇਸ ਪੱਤਰ ਦਾ ਤਰਜਮਾ ਕੀਤਾ ਰੂਪਾਂਤਰ ਹਾਸਲ ਕਰਨਾ ਚਾਹੁੰਦੇ ਹੋ ਤਾਂ ਸੀ.ਵੀ.ਐੱਸ.ਈ. ਦੀ ਵੈੱਬਸਾਈਟ** http://www.th.gov.bc.ca/cvse/diesel_retrofit/index.htm **ਵੇਖੋ।**

ਸੱਚੇ ਦਿਲੋਂ,



ਗ੍ਰੈੱਗ ਗਿਲਕਸ (Greg Gilks)
ਡਾਇਰੈਕਟਰ, ਕਮਰਸ਼ੀਅਲ ਵ੍ਹੀਕਲ ਸੇਫਟੀ ਐਂਡ ਐਨਫੋਰਸਮੈਂਟ
ਮਨਿਸਟਰੀ ਆਫ਼ ਟਰਾਂਸਪੋਰਟ ਐਂਡ ਇਨਫਰਾਸਟ੍ਰੱਕਚਰ